

# ਕਬੂਤਰ ਅਤੇ ਸ਼ਿਕਾਰੀ

## ਇੱਕ ਵਾਰ ਇੱਕ ਦਰੱਖਤ ਉੱਤੇ ਕਬੂਤਰਾਂ ਦਾ ਝੁੰਡ ਰਹਿੰਦਾ ਸੀ।



ਇੱਕ ਦਿਨ ਕਬੂਤਰ ਚੋਗੇ ਦੀ ਭਾਲ ਵਿੱਚ ਇੱਧਰ ਉੱਧਰ ਘੁੰਮ ਰਹੇ ਸਨ। ਉਨ੍ਹਾਂ ਨੂੰ ਜ਼ਮੀਨ ਉੱਤੇ ਬਹੁਤ ਸਾਰੇ ਦਾਣੇ ਖਿਲਰੇ ਹੋਏ ਦਿਖਾਈ ਦਿੱਤੇ।



ਸਾਰੇ ਕਬੂਤਰ ਦਾਣੇ ਚੁਗਣ ਲਈ ਜ਼ਮੀਨ ਉੱਤੇ ਉੱਤਰ ਗਏ।

ਪਰ ਉੱਥੇ ਸ਼ਿਕਾਰੀ ਨੇ ਜਾਲ ਵਿਛਾਇਆ ਹੋਇਆ ਸੀ।



ਸਾਰੇ ਕਬੂਤਰ ਸ਼ਿਕਾਰੀ ਵੱਲੋਂ ਵਿਛਾਏ ਗਏ ਜਾਲ ਵਿੱਚ ਫ਼ਸ ਗਏ।ਜਾਲ ਵਿੱਚ ਫ਼ਸਣ ਤੋਂ ਬਾਅਦ ਕਬੂਤਰ ਬਹੁਤ ਉਦਾਸ ਹੋ ਗਏ ਕਿਉਂਕਿ ਉਹ ਜਾਣਦੇ ਸਨ ਉਨ੍ਹਾਂ ਦਾ ਅੰਤ ਨੇੜੇ ਹੈ । ਕਬੂਤਰਾਂ ਦੇ ਨੇਤਾ ਨੇ ਉਨ੍ਹਾਂ ਨੂੰ ਹਿੰਮਤ ਨਾ ਹਾਰਨ ਦੀ ਸਲਾਹ ਦਿੱਤੀ।



ਉਸ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਜੇਕਰ ਉਹ ਸਾਰੇ ਮਿਲ ਕੇ ਜ਼ੋਰ ਲਗਾਉਣ ਤਾਂ ਜਾਲ ਨੂੰ ਲੈ ਕੇ ਉੱਡ ਸਕਦੇ ਹਨ। ਉਹ ਇੱਕ ਬੁੱਧੀਮਾਨ ਕਬੂਤਰ ਸੀ ਜਿਸ ਨੂੰ ਏਕਤਾ ਦੀ ਸ਼ਕਤੀ ਦਾ ਪਤਾ ਸੀ। ਸਾਰੇ ਕਬੂਤਰਾਂ ਨੇ ਇਕੱਠੇ ਮਿਲ ਕੇ ਜ਼ੋਰ ਲਗਾਇਆ ਅਤੇ ਜਾਲ ਨੂੰ ਲੈ ਕੇ ਉੱਡ ਗਏ।



ਵਿਚਾਰਾ ਸ਼ਿਕਾਰੀ ਕਬੂਤਰਾਂ ਨੂੰ  ਦੇਖ ਕੇ ਹੱਥ ਮਲਦਾ ਹੀ ਰਹਿ ਗਿਆ।



ਬਹੁਤ ਦੇਰ ਉੱਡਣ ਤੋਂ ਬਾਅਦ ਉਹ ਇੱਕ ਅਜਿਹੀ ਥਾਂ ਉੱਤੇ ਪਹੁੰਚੇ ਜਿੱਥੇ ਕਬੂਤਰਾਂ ਦੇ ਨੇਤਾ ਦਾ ਇੱਕ ਪੁਰਾਣਾ ਮਿੱਤਰ ਚੂਹਾ ਰਹਿੰਦਾ ਸੀ। ਕਬੂਤਰ ਨੇ ਆਪਣੇ ਮਿੱਤਰ ਨੂੰ ਆਵਾਜ਼ ਦਿੱਤੀ ਅਤੇ ਉਹ ਖੁੱਡ ਵਿੱਚੋਂ ਬਾਹਰ ਨਿਕਲ ਆਇਆ। ਜਦੋਂ ਉਸ ਨੂੰ ਸਾਰੀ ਗੱਲ ਪਤਾ ਲੱਗੀ ਤਾਂ ਉਸ ਨੇ ਆਪਣੇ ਸਾਥੀ ਚੂਹਿਆਂ ਨੂੰ ਬੁਲਾਇਆ।



ਸਾਰੇ ਚੂਹਿਆਂ ਨੇ ਜਾਲ ਨੂੰ ਕੱਟਣਾ ਸ਼ੁਰੂ ਕਰ ਦਿੱਤਾ



ਅਤੇ ਕਬੂਤਰਾਂ ਨੂੰ ਆਜ਼ਾਦ ਕਰਵਾਇਆ। ਕਬੂਤਰਾਂ ਨੇ ਚੂਹਿਆਂ ਦਾ ਬਹੁਤ ਧੰਨਵਾਦ ਕੀਤਾ ਅਤੇ ਉੱਡ ਗਏ।



ਸਿੱਖਿਆ :- ਏਕਤਾ ਵਿਚ ਬਲ ਹੈ।

ਜਾਂ

ਸਾਨੂੰ ਮੁਸੀਬਤ ਦੇ ਸਮੇਂ ਵਿੱਚ ਹਿੰਮਤ ਨਹੀਂ ਹਾਰਨੀ ਚਾਹੀਦੀ।

ਤਿਆਰ ਕਰਤਾ

ਸੰਦੀਪ ਸਿੰਘ ਪੰਜਾਬੀ ਮਾਸਟਰ

ਸ.ਹ.ਸ. ਭਿੰਡੀ ਔਲਖ ( ਅੰਮ੍ਰਿਤਸਰ )